ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਸਤਾਰੀ ਖੰਡੇ ਦਾ ਰਹਿਸ

ਹਰਜਿੰਦਰ ਸਿੰਘ ਕੰਵਲ

ਇਤਿਹਾਸ ਵਿਚ ਕਈ ਵਾਰੀ ਨਵੇਂ ਤੱਥ ਉਜਾਗਰ ਹੋ ਜਾਂਦੇ ਹਨ ਜਿਨ੍ਹਾਂ ਨਾਲ ਇਤਿਹਾਸ ਵਿਚ ਹੋਰ ਨਿਖਾਰ ਆ ਜਾਂਦਾ ਹੈ । ਕਈ ਵਾਰੀ ਤਾਂ ਕੋਈ ਨਵੀਂ ਖੋਜ ਸਾਹਮਣੇ ਆ ਜਾਂਦੀ ਹੈ ਜੋ ਕਦੀ ਤਾਂ ਲਿਖਤੀ ਰੂਪ ਵਿਚ ਹੁੰਦੀ ਹੋਈ ਪਰ ਬਹੁਤ ਚਿਰ ਅੱਖੋਂ ਓਹਲੇ ਹੋਣ ਕਰਕੇ ਉਹ ਵਜੂਦ ਵਿਚ ਨਹੀਂ ਆਉਂਦੀ ਅਤੇ ਕਈ ਵਾਰੀ ਇਤਿਹਾਸ ਦੇ ਉਹ ਤੱਥ ਸਾਹਮਣੇ ਆ ਜਾਂਦੇ ਹਨ ਜਿਨ੍ਹਾਂ ਨੂੰ ਅਸੀਂ ਅੰਗਰੇਜ਼ੀ ਵਿਚ ਕਹਿੰਦੇ ਹਾਂ 'Straight from the horse's mouth' ਭਾਵ ਉਹ ਸਚਾਈ ਜੋ ਬਿਆਨ ਕਰਨ ਵਾਲੇ ਨੇ ਅੱਖੀਂ ਡਿੱਠੀ ਹੋਵੇ ਜਾਂ ਆਪਣੇ ਬਜ਼ੁਰਗਾਂ ਕੋਲੋਂ ਸੀਨੇ ਬਸੀਨੇ ਚਲੀ ਅ ਰਹੀ ਹੋਵੇ ਅਤੇ ਉਸ ਕੋਲੋਂ ਅਸੀਂ ਸੁਣੀਏ । ਇਸੇ ਤਰ੍ਹਾਂ ਹੀ ਇਕ ਬਹੁਤ ਮਹੱਤਵ ਪੂਰਨ ਇੰਕਸ਼ਾਫ ਹੋਇਆ ਜਿਸਦਾ ਜ਼ਿਕਰ ਅੱਗੇ ਕਰਾਂਗੇ ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਮਹਾਰਾਜ ਦੇ ਪਾਵਨ ਹੁਕਮ ਅਨੁਸਾਰ, ਕੋਵਿਡ ਦੇ ਮਾਰੂ ਦਿਨਾਂ ਵਿਚ ਨਾਮਧਾਰੀ ਸੰਗਤ ਇੰਗਲੈਂਡ ਨੇ ਹਰ ਰੋਜ਼ ਸਵੇਰੇ 4 ਤੋਂ 6 ਵਜੇ ਸਿਮਰਨ ਤੋਂ ਬਾਅਦ ਇਕ ਖੁੱਲਾ ਫੋਰਮ ਦਾ ਉਯੋਜਨ ਹਰ ਐਤਵਾਰ ਕੀਤਾ ਹੋਇਆ ਸੀ, ਜਿਸਨੂੰ ਸੁਖਦੀਪ ਅਤੇ ਨੀਰੂ ਚਾਨਾਂ ਬੜੇ ਹੀ ਸੁਚੱਜੇ ਅਤੇ ਪ੍ਰੇਮ ਪੂਰਵਕ ਢੰਗ ਨਾਲ ਨਿਮਰਤਾ ਸਹਿਤ ਨਿਭਾਉਂਦੇ ਰਹੇ । ਹਰ ਐਤਵਾਰ ਕੋਈ ਨਾ ਕੋਈ ਵਿਸ਼ੇ ਉਤੇ ਚਰਚਾ ਹੁੰਦੀ ਅਤੇ ਇਤਿਹਾਸ ਨੂੰ ਤਸਵੀਰਾਂ ਰਾਹੀ ਘੋਖਿਆ ਅਤੇ ਦਰਸਾਇਆ ਜਾਂਦਾ ਹੈ। ਇਸੇ ਹੀ ਸੰਧਰਬ ਵਿਚ ਪਿਛੇ ਜਹੇ ਸ੍ਰੀ ਬਾਬਾ ਮਹਾਰਾਜ ਸਿੰਘ ਜੀ ਦੀ ਯਾਦ ਵਿਚ ਪ੍ਰੋਗਰਾਮ ਹੋਇਆ । ਬਾਬਾ ਜੀ ਭਗਤੀ ਅਤੇ ਸ਼ਕਤੀ ਦੇ ਪ੍ਰਤੀਕ ਮਹਾਂਪੁਰਸ਼ ਸਨ ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਲਈ ਆਪਣੀ ਜਿੰਦ ਵਾਰ ਦਿੱਤੀ । ਇਨ੍ਹਾਂ ਵਲੋਂ ਇਕ ਨਾਯਾਬ ਤੋਹਫਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਭੇਟ ਕੀਤਾ ਗਿਆ ਸੀ ਜਿਸਦਾ ਜ਼ਿਕਰ ਅੱਗੇ ਚਲਕੇ ਕਰਾਂਗੇ । ਉਸਤੋਂ ਪਹਿਲਾ ਕੁਝ ਬਾਬਾ ਜੀ ਬਾਰੇ ਅਤੇ ਉਨ੍ਹਾ ਦੇ ਨੌਰੰਗਾਬਾਦ ਡੇਰੇ ਬਾਬਤ ਜਾਣਕਾਰੀ ਪਾਠਕਾਂ ਨੂੰ ਦੇਣੀ ਅਤੀ ਜ਼ਰੂਰੀ ਸਮਝ੍ਹਦੇ ਹਾਂ ।

ਬਾਬਾ ਬੀਰ ਸਿੰਘ ਜੀ ਅਤੇ ਡੇਰਾ ਨੌਰੰਗਾਬਾਦ

ਬਾਬਾ ਬੀਰ ਸਿੰਘ ਜੀ ਪਿੰਡ ਗੱਗੋਬੂਹਾ (ਤਰਨ ਤਾਰਨ ਕੋਲ), ਪਿਤਾ ਸੇਵਾ ਸਿੰਘ ਅਤੇ ਮਾਤਾ ਧਰਮ ਕੌਰ ਦੇ ਘਰ ਸਾਉਣ ਸੁਦੀ 3 ਸੰਮਤ 1825 (1768 ਈ) ਨੂੰ ਜਨਮੇ । ਜਵਾਨ ਹੁੰਦੇ ਹੀ ਆਪ ਜੀ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿਚ ਨੌਕਰ ਹੋ ਗਏ ਅਤੇ ਬੜੀ ਬਹਾਦਰੀ ਅਤੇ ਨੇਕਨਾਮੀ ਨਾਲ ਕੁਝ੍ਹ ਸਮੇ ਲਈ ਮਹਾਰਾਜੇ ਦੀਆਂ ਜੰਗੀ ਮੁਹਿੰਮਾਂ ਵਿਚ ਹਿੱਸਾ ਲੈਂਦੇ ਰਹੇ ।

ਬਾਬਾ ਭਾਗ ਸਿੰਘ ਕੁਰੀ ਨਿਵਾਸੀ ਅਤੇ ਬਾਬਾ ਸਾਹਿਬ ਸਿੰਘ ਜੀ ਬੇਦੀ ਊਨੇ ਵਾਲਿਆਂ ਕੋਲੋਂ ਨਾਮ ਦੀ ਗੁੜ੍ਹਤੀ ਹਾਂਸਿਲ ਕਰਨ ਤੋਂ ਬਾਅਦ ਆਪ ਜੀ ਕਰਤਾਰ ਦੇ ਆਤਮਿਕ ਰੰਗਣ ਵਿਚ ਰੰਗੇ ਗਏ ।

ਨੌਰੰਗਾਬਾਦ ਦੇ ਵਸਨੀਕ ਬਾਬਾ ਦਸੌਂਧਾ ਸਿੰਘ ਜੀ ਦੀ ਸੇਵਾ ਵਿਚ ਆ ਗਏ ਅਤੇ ਆਪਣੀ ਪ੍ਰੇਮਾ ਭਗਤੀ ਅਤੇ ਕਾਬਲੀਅਤ ਨਾਲ ਇਸ ਡੇਰੇ ਤੇ ਆਪ ਜੀ ਨੇ ਨਾਮ ਬਾਣੀ ਅਤੇ ਲੰਗਰ ਦਾ ਸਦਾਵ੍ਰਤ ਜਾਰੀ ਕੀਤਾ । ਆਪ ਜੀ ਦੇ ਇਸ ਲੰਗਰ ਵਿਚ ਅਨੇਕਾਂ ਹੀ ਪ੍ਰਾਣੀ ਹਰ ਰੋਜ਼, ਕਿਸੇ ਵੀ ਜ਼ਾਤ ਦੇ ਵਿਤਕਰੇ ਬਗੈਰ ਲੰਗਰ ਛਕਦੇ ।

ਇਕ ਵਾਰ ਸੰਮਤ 1901(1844 ਸੰਨ ਈ:) ਵਿਚ ਬਾਬਾ ਜੀ ਆਪਣੇ ਹਜ਼ਾਰ ਸੇਵਕਾਂ ਨਾਲ ਹਰੀਕੇ ਪੱਤਨ ਠਹਿਰੇ ਹੋਏ ਸਨ ਕਿ ਸਰਦਾਰ ਅਤਰ ਸਿੰਘ ਸੰਧਾਵਾਲੀਆ ਲਹੌਰ ਦੇ ਫਸਾਦਾਂ ਵਿਚੋਂ ਨੱਠਕੇ ਬਾਬਾ ਜੀ ਦੀ ਸ਼ਰਨ ਆਇਆ । ਰਾਜਾ ਹੀਰਾ ਸਿੰਘ ਡੋਗਰੇ ਨੇ ਫੌਜ ਭੇਜਕੇ ਬਾਬਾ ਜੀ ਤੋਂ ਉਸਦੀ ਮੰਗ ਕੀਤੀ, ਜਿਸਦੇ ਉੱਤਰ ਵਿਚ ਬਾਬਾ ਜੀ ਨੇ ਆਖਿਆ ਕਿ ਜੋ ਸਾਡੀ ਸ਼ਰਨ ਵਿਚ ਆਉਂਦਾ ਹੈ ਉਸਨੂੰ ਫੜਕੇ ਕਿਸੇ ਦੇ ਹਵਾਲੇ ਨਹੀਂ ਕਰ ਸਕਦੇ । ਇਸ ਪੁਰ ਕ੍ਰੋਧ ਵਿਚ ਰੱਤੇ ਹੀਰਾ ਸਿੰਘ ਨੇ ਬਾਬਾ ਜੀ ਉਤੇ ਚੜ੍ਹਾਈ ਕਰ ਦਿੱਤੀ । ਡੇਰੇ ਦੇ ਸਿੱਖਾਂ ਨੇ ਬਾਬਾ ਜੀ ਕੋਲੋਂ ਇਜਾਜ਼ਤ ਮੰਗੀ ਕਿ ਮੁਕਾਬਲਾ ਕੀਤਾ ਜਾਵੇ, ਜਿਸ ਤੇ ਬਾਬਾ ਜੀ ਨੇ ਕਿਹਾ ਕਿ ਉਹ ਵੀ ਸਾਡੇ ਭਾਈ ਹੀ ਹਨ ਅਸੀਂ ਆਪਣਿਆਂ ਤੇ ਵਾਰ ਨਹੀਂ ਕਰਨਾ ਅਤੇ ਆਪ ਬਾਬਾ ਜੀ ਮਹਾਰਾਜ ਦੀ ਤਾਬਿਆ ਬੈਠ ਕਿ ਸਿਮਰਨ ਵਿਚ ਲੀਨ ਹੋ ਗਏ । ਫੌਜ ਨੇ ਗੋਲੀ ਗੋਲਾ ਆਰੰਭਿਆ ਜਿਸ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਮਾਰੇ ਗਏ ਅਤੇ ਬਾਬਾ ਜੀ ਨੂੰ ਵੀ ਇਕ ਤੋਪ ਦਾ ਗੋਲਾ ਵੱਜਾ ਜਿਸ ਨਾਲ ਆਪ ਜੀ ਦਾ ਗੋਡਾ ਚੂਰੋ ਚੂਰ ਹੋ ਗਿਆ ਅਤੇ ਸਾਰਾ ਸਰੀਰ ਗੋਲੀਆਂ ਨਾਲ ਛਾਨਣੀ ਹੋ ਗਿਆ ਅਤੇ ਆਪ 27 ਵੈਸਾਖ 1801 ਨੂੰ ਸ਼ਹੀਦੀ ਪਾ ਗਏ । (ਇਸ ਜ਼ਿਕਰ ਬਾਰੇ ਸ਼ਾਹ ਮੁਹੰਮਦ ਲਿਖਦਾ ਹੈ – 'ਬੀਰ ਸਿੰਘ ਜਹੇ ਅਸਾਂ ਮਾਰ ਦਿੱਤੇ, ਨਹੀਂ ਛਡਣਾ ਸਾਧ ਤੇ ਸੰਤ ਮੀਆਂ' ਇਹ ਉਨ੍ਹਾਂ ਸਿੱਖਾਂ ਦੀ ਗੱਲ ਕਰ ਰਿਹਾ ਹੈ ਜਿਨ੍ਹਾਂ ਨੇ ਸਿੱਖ ਰਾਜ ਦਾ ਸਤਿਆਨਾਸ ਕਰ ਦਿੱਤਾ)।

ਆਪ ਜੀ ਦਾ ਮ੍ਰਿਤਕ ਸਰੀਰ ਪਲੰਘ ਤੇ ਰੱਖਕੇ ਜਲ ਪਰਵਾਹ ਕੀਤਾ ਗਿਆ । ਮੁਠੀਆਂ ਵਾਲੇ ਪਿੰਡ ਆਪ ਜੀ ਦਾ ਪਲੰਘ ਕਿਨਾਰੇ ਤੇ ਰੁਕ ਗਿਆ, ਜਿਥੇ ਸ. ਗੰਡਾ ਸਿੰਘ ਰਾਮਗੜ੍ਹੀਏ ਨੇ ਆਪ ਜੀ ਦਾ ਸਸਕਾਰ ਕੀਤਾ ਅਤੇ ਇਥੋਂ ਕੁਝ ਭਸਮ ਲੈ ਜਾਕੇ ਨੌਰੰਗਾਬਾਦ ਬਾਬਾ ਜੀ ਦੀ ਸਮਾਧ ਬਣਾਈ ।

ਬਾਬਾ ਮਹਾਰਾਜ ਸਿੰਘ

ਬਾਬਾ ਬੀਰ ਸਿੰਘ ਜੀ ਦੇ ਸ਼ਹੀਦ ਹੋ ਜਾਣ ਉਪ੍ਰੰਤ, ਨਿਹਾਲ ਸਿੰਘ ਜੋ ਵਡੇ ਪ੍ਰੇਮ ਭਾਵ ਨਾਲ ਡੇਰੇ ਦੀ ਸੇਵਾ ਕਰਦੇ ਹੁੰਦੇ ਸਨ ਅਤੇ ਬਾਬਾ ਜੀ ਦੇ ਚਾਟੜੇ ਵੀ ਸਨ, ਨੂੰ ਡੇਰੇ ਦੇ ਮਹੰਤ ਥਾਪ ਦਿਤਾ ਗਿਆ । ਆਪ ਜੀ ਸੇਵਾ ਦੇ ਪੁੰਜ ਸਨ ਅਤੇ ਆਏ ਗਏ ਨੂੰ ਅੰਨ ਜਲ ਆਦਿ ਦੇਣ ਸਮੇਂ "ਲਓ ਮਹਾਰਾਜ, ਲਓ ਮਹਾਰਾਜ" ਸ਼ਬਦ ਕਰਕੇ ਸੰਬੋਧਨ ਕਰਦੇ ਸਨ, ਜਿਸ ਕਾਰਣ ਆਪ ਜੀ ਦਾ ਨਾਮ 'ਮਹਾਰਾਜ ਸਿੰਘ' ਪ੍ਰਸਿੱਧ ਹੋ ਗਿਆ ।

ਆਪ ਜੀ ਦਾ ਜਨਮ ਸੰਨ 1790 ਈ: ਵਿਚ ਪਿੰਡ ਰੱਬੋਂ ਜ਼ਿਲਾ ਲੁਧਿਆਣਾ ਵਿਖੇ ਹੋਇਆ । ਬਚਪਨ ਤੋਂ ਹੀ ਆਪ ਬਾਬਾ ਬੀਰ ਸਿੰਘ ਜੀ ਦੇ ਡੇਰੇ ਵਿਚ ਸੇਵਾ ਅਤੇ ਭਗਤੀ ਵਿਚ ਲੀਨ ਰਹਿਣ ਲਗ ਪਏ । ਆਪ ਜੀ ਬੜੀ ਉੱਚੀ ਰੂਹਾਨੀ ਅਵੱਸਥਾ ਦੇ ਮਾਲਕ ਹੋ ਗਏ ਅਤੇ ਰਿਧੀਆਂ ਸਿਧੀਆਂ ਇਨ੍ਹਾ ਦੇ ਵੱਸ ਹੋ ਗਈਆਂ । ਇਕ ਸਮੇਂ ਇਕ ਅੰਗਰੇਜ਼ ਜੱਜ ਆਪਣੀ ਬਿਮਾਰ ਘਰ ਵਾਲੀ ਨੂੰ ਲੈ ਕੇ ਆਪ ਜੀ ਕੋਲ ਆਇਆ ਤਾਂ ਕਿ ਉਸ ਦੀ ਘਰ ਵਾਲੀ ਦਾ ਕੋਈ ਇਲਾਜ ਹੋ ਸਕੇ ਜਿਸਨੂੰ ਕਿ ਇਕ ਜਾਨ ਲੇਵਾ ਬਿਮਾਰੀ ਸੀ ਅਤੇ ਡਾਕਟਰਾਂ ਵਲੋਂ ਜਵਾਬ ਮਿਲ ਚੁੱਕਾ ਸੀ । ਆਪ ਜੀ ਨੇ 'ਵਾਹਿਗੁਰੂ' ਦਾ ਨਾਮ ਲੈਕੇ ਉਸਨੂੰ ਠੀਕ ਕਰ ਦਿੱਤਾ, ਜਿਸ ਨਾਲ ਉਹ ਅੰਗਰੇਜ਼ ਜੱਜ ਬਹੁਤ ਹੀ ਪ੍ਰਸੰਨ ਹੋਇਆ ਅਤੇ ਆਪ ਜੀ ਦਾ ਮੁਰੀਦ ਬਣ ਗਿਆ । ਉਸ ਕੋਲ ਇਕ ਕੈਮਰਾ ਸੀ ਅਤੇ ਉਸੇ ਨਾਲ ਹੀ ਉਸਨੇ ਇਹ ਤਸਵੀਰ ਬਾਬਾ ਜੀ ਦੀ ਖਿੱਚੀ ਸੀ ।



ਮਹਾਰਾਜਾ ਰਣਜੀਤ ਸਿੰਘ ਜੀ ਦੇ ਦਿਹਾਂਤ ਉਪ੍ਰੰਤ ਆਪ ਜੀ ਨੇ ਸਿੱਖਾਂ ਅਤੇ ਅੰਗਰੇਜ਼ਾਂ ਨਾਲ ਸਾਰੀਆਂ ਲੜਾਈਆਂ ਵਿਚ ਹਿੱਸਾ ਲਿਆ ਜੋ ਸਿੱਖਾਂ ਦੇ ਗ਼ਦਾਰਾਂ ਅਤੇ ਡੋਗਰਿਆਂ ਦੀਆਂ ਚਾਲਾਂ ਕਰਕੇ ਹਾਰਨੀਆਂ ਪਈਆਂ – 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ' ਸ਼ਾਇਰ ਸ਼ਾਹ ਮੁਹੰਮਦ ਦਾ ਇਹ ਵਾਕ ਪੂਰਨ ਤੌਰ ਤੇ ਸੱਚ ਸਾਬਤ ਹੋ ਗਿਆ ਜਿਸ ਨਾਲ ਸਿੱਖ ਰਾਜ ਦਾ ਪੂਰਨ ਤੌਰ ਤੇ ਪਤਨ ਹੋ ਗਿਆ।

ਇਨ੍ਹਾ ਜੰਗਾਂ ਦੀ ਪੇਸ਼ੀਨਗੋਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲੀ ਮੁਦਕੀ ਦੀ ਲੜਾਈ ਵਿਚ ਹੀ ਕਰ ਦਿੱਤੀ ਸੀ, ਜਦ ਆਪ ਜੀ ਨੇ ਆਪਣੀ ਬੰਦੂਕ ਸਤਿਲੁਜ ਵਿਚ ਸੁੱਟਣ ਵੇਲੇ ਸਿੱਖਾਂ ਨੂੰ ਆਖਿਆ ਸੀ 'ਮੈਂ ਅੱਜ ਸੁਟੀ ਹੈ ਤੁਸੀਂ ਕੱਲ ਸੁਟੋਗੇ' । ਸਤਿਗੁਰੂ ਜੀ ਤ੍ਰੀਕਾਲ ਦਰਸ਼ੀ ਸਨ ਅਤੇ ਜਾਣਦੇ ਸਨ ਕਿ ਹੁਣ ਸਿੱਖ ਰਾਜ ਦਾ ਅੰਤ ਸਮਾਂ ਆ ਗਿਆ ਹੈ ਅਤੇ ਜਿਸ ਕ੍ਰਾਂਤੀਕਾਰੀ ਅਤੇ ਸੰਤ ਖਾਲਸਾ ਪੰਥ ਦੀ ਸਾਜਨਾ ਅਤੇ ਪੂਰਤੀ ਲਈ ਆਪ ਜੀ ਨੇ ਅਵਤਾਰ ਧਾਰਿਆ ਸੀ ਉਸ ਨੂੰ ਸ੍ਰਅੰਜਾਮ ਦੇਣ ਅਤੇ ਸੰਪੂਰਨਤਾ ਬਖਸ਼ਨ ਲਈ ਸ੍ਰੀ ਭੈਣੀ ਸਾਹਿਬ ਘੋਰ ਤਪੱਸਿਆ ਵਿਚ ਲੀਨ ਹੋ ਗਏ ।

1844 ਤੋਂ ਲੈਕੇ 1849 ਤਕ ਬਾਬਾ ਮਹਾਰਾਜ ਸਿੰਘ ਆਪਣੇ ਡੇਰੇ ਵਿਚ ਰਹਿਕੇ ਸਿੱਖੀ ਪ੍ਰਚਾਰ ਅਤੇ ਸ਼ਸਤਰ ਵਿਦਿਆ ਵਿਚ ਸਿੱਖਾਂ ਨੂੰ ਨਿਪੁੰਨ ਕਰਨ ਵਿਚ ਰੁਝ੍ਹ ਗਏ ਸਨ, ਤਾਂ ਕਿ ਅੰਗਰੇਜ਼ਾਂ ਨਾਲ ਟੱਕਰ ਲਈ ਜਾਵੇ । ਆਪ ਜੀ ਦੀਆਂ ਇਨ੍ਹਾਂ ਸਰਗਰਮੀਆਂ ਦਾ ਅੰਗਰੇਜ਼ ਨੂੰ ਵੀ ਪਤਾ ਲੱਗ ਚੁੱਕਾ ਸੀ ਅਤੇ ਅੰਗਰੇਜ਼ ਸਰਕਾਰ ਨੇ ਆਪ ਜੀ ਨੂੰ ਆਦਮਪੁਰ ਵਿਚ 1849 ਵਿਚ ਗ੍ਰਿਫਤਾਰ ਕਰ ਲਿਆ ਅਤੇ ਸਿੰਗਾਪੁਰ ਕਾਲੇ ਪਾਨੀ ਭੇਜ ਦਿੱਤਾ ਜਿਥੇ ਆਪ ਜੀ ਦੀ 1856 ਈ: ਜੀਵਨ ਯਾਤਰਾ ਦਾ ਅੰਤ ਹੋ ਗਿਆ । ਦਸਦੇ ਹਨ ਕਿ ਸਿੱਖਾਂ ਵਲੋਂ ਆਪ ਜੀ ਨੂੰ ਇਕ ਗੁਰੂ ਦਾ ਦਰਜ਼ਾ ਦਿਤੱਾ ਗਿਆ ਸੀ ਜਿੰਵੇ ਇਕ ਅੰਗਰੇਜ਼ ਲਿਖਾਰੀ ਆਪ ਜੀ ਨੂੰ ਸਿੱਖਾਂ ਦੇ 'ਜੀਸਸ ਕਰਾਈਸਟ' ਨਾਲ ਸੰਬੋਧਨ ਕਰਦਾ ਹੈ । ਆਪ ਜੀ ਦੀ ਯਾਦ ਵਿਚ ਸਿੰਗਾਪੁਰ ਵਿਚ ਇਕ ਬਹੁਤ ਹੀ ਆਲੀਸ਼ਾਨ ਗੁਰਦਵਾਰਾ ਵਿਦਮਾਨ ਹੈ ਜਿਥੇ ਚੌਵੀ ਘੰਟੇ ਗੁਰੂ ਕਾ ਲੰਗਰ ਵਰਤਾਇਆ ਜਾਂਦਾ ਹੈ ।

The new Bhai Maharaj Singh Memorial in 2010

ਬਾਬਾ ਹਰਦੀਪ ਸਿੰਘ ਜੀ

ਬਾਬਾ ਜੀ ਮੌਜੂਦਾ ਨੌਰੰਗਾਬਾਦ ਦੇ ਡੇਰੇ ਦੇ ਇਕ ਮੁਖੀ ਪਾਤਰ ਹਨ । ਜਿੰਵੇ ਉਪਰ ਜ਼ਿਕਰ ਕੀਤਾ ਹੈ ਕਿ ਨਾਮਧਾਰੀ ਸੰਗਤ ਯੂ.ਕੇ ਨੇ ਜੋ ਜ਼ੂਮ ਦਾ ਪ੍ਰੋਗਰਾਮ ਸ਼ੁਰੂ ਕੀਤਾ ਹੋਇਆ ਹੈ, ਉਸ ਵਿਚ 'ਬਾਬਾ ਮਹਾਰਾਜ ਸਿੰਘ ਸ਼ਰਧਾਂਜਲੀ ਦਿਵਸ' ਉਤੇ ਆਪ ਜੀ ਨੂੰ ਵੀ ਨਿਮੰਤਰਿਤ ਕੀਤਾ ਗਿਆ ਸੀ । ਇਥੇ ਦਸਣਾ ਜ਼ਰੂਰੀ ਹੈ ਕਿ ਸਿੰਗਾਪੁਰ ਵਿਚ ਰਹਿੰਦੇ ਸਾਡੇ ਨਾਮਧਾਰੀ ਵੀਰ ਸੁਖਪਾਲ ਸਿੰਘ ਭੱਟੀ ਅਤੇ ਉਨ੍ਹਾਂ ਦੇ ਸੁਹਿਰਦ ਸਪੁਤਰ ਰਸ਼ਪਾਲ ਸਿੰਘ ਜੀ ਦੇ ਅਣਥੱਕ ਪੁਰਸ਼ਾਰਥ ਨਾਲ ਇਹ ਸਾਖੀ ਵਜੂਦ ਵਿਚ ਆਈ । ਆਪ ਜੀ ਨੇ ਬਾਬਾ ਹਰਦੀਪ ਸਿੰਘ ਜੀ ਨਾਲ ਸੰਪਰਕ ਕਰਕੇ ਉਨ੍ਹਾਂ ਦੇ ਬਚਨ ਰਿਕਾਰਡ ਵੀ ਕੀਤੇ ਅਤੇ ਬਾਬਾ ਜੀ ਨੂੰ ਜ਼ੂਮ ਤੇ ਲਿਆਕੇ ਸਾਰੀ ਸੰਗਤ ਨੂੰ ਵੀ ਉਨ੍ਹਾ ਦੇ ਦਰਸ਼ਨ ਕਰਵਾਏ ਅਤੇ ਸਤਿਗੁਰੂ ਰਾਮ ਸਿੰਘ ਜੀ ਬਾਰੇ ਜਾਣਕਾਰੀ ਦੁਆਈ । ਆਪ ਜੀ ਨੇ ਬਾਬਾ ਮਹਾਰਾਜ ਸਿੰਘ ਦੀਆਂ ਸਾਖੀਆਂ ਅਤੇ ਵਾਕਿਆਤ ਸੁਣਾ ਕੇ ਸੰਗਤ ਨੂੰ ਕੀਲ ਰੱਖਿਆ ਸੀ । ਆਪ ਜੀ ਨੇ ਆਪਣੇ ਪ੍ਰਵਚਨਾ ਦੁਆਰਾ ਇਕ ਬਹੁਤ ਮਹੱਤਵ ਪੂਰਨ ਇੰਕਸ਼ਾਫ ਕੀਤਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੋ ਵਾਰ ਬਾਬਾ ਮਹਾਰਾਜ ਸਿੰਘ ਜੀ ਨੂੰ ਮਿਲੇ । ਪਹਿਲੀ ਵਾਰ ਅੰਮ੍ਰਿਤਸਰ ਅਤੇ ਦੂਸਰੀ ਵਾਰ ਮੁਕਤਸਰ ਮਾਗੀ ਦੇ ਸਮੇਂ । ਇਸ ਸਮੇਂ ਬਾਬਾ ਜੀ ਨੇ ਸ੍ਰੀ

ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੇ ਦੁਮਾਲੇ ਵਿਚੋਂ ਇਕ ਛੋਟਾ ਖੰਡਾ ਅਰਪਨ ਕੀਤਾ ਜੋ ਸ੍ਰੀ ਸਤਿਗੁਰੂ ਜੀ ਨੇ ਪਰਵਾਨ ਕਰਕੇ ਆਪਣੇ ਪਾਵਨ ਦਸਤਾਰੇ ਵਿਚ ਸਜਾ ਲਿਆ ਅਤੇ ਹਮੇਸ਼ਾਂ ਹੀ ਸਜਾਉਂਦੇ ਰਹੇ ।ਇਹ ਸੀ ਸ੍ਰੀ ਸਤਿਗੁਰੂ ਜੀ ਦੇ ਦਸਤਾਰੀ ਖੰਡੇ ਦਾ ਰਹਿਸ ਅਤੇ ਇਹ ਖੰਡਾ ਆਪ ਜੀ ਸਤਿਗੁਰੂ ਜੀ ਦੀਆਂ ਤਸਵੀਰਾਂ ਵਿਚ ਦੇਖ ਸਕਦੇ ਹੋ ।ਖੰਡਾ ਖਾਲਸਾ ਪੰਥ ਦਾ ਇਕ ਬਹੁਤ ਅਹਿਮ ਪ੍ਰਤੀਕ ਹੈ ਜਿਸ ਨਾਲ ਅਕਾਲ ਪੁਰਖ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਪਵਿੱਤਰ ਯਾਦ ਮਨ ਨੂੰ ਉਸ ਖਾਲਸਾ ਪੰਥ ਦੀ ਯਾਦ ਦਿਲਾਉਂਦੀ ਹੈ ਜਿਸਨੂੰ ਹਜ਼ੂਰ ਨੇ ਆਪਣੇ ਹਸਤ ਕੰਵਲਾਂ ਨਾਲ ਖੰਡੇ ਵਾਲਾ ਅੰਮ੍ਰਿਤ ਛਕਾ ਕੇ ਜੀਵਨ ਦਾਨ ਬਖਸ਼ਿਆ ਅਤੇ ਇਸੇ ਹੀ ਪ੍ਰੰਪਰਾ ਨੂੰ ਕਾਇਮ ਰੱਖਦਿਆਂ ਸਤਿਗਰੂ ਰਾਮ ਸਿੰਘ ਜੀ ਨੇ 1857 ਈ: ਵਿਚ ਦੂਸਰੀ ਵਾਰ ਓਹ ਮਰੀ ਹੋਈ ਸਿੱਖੀ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਨਾਲ ਸਰਸ਼ਾਰ ਕਰਕੇ ਸਿੱਖਾਂ ਵਿਚ ਨਵੀਂ ਰੂਹ ਫੂਕ ਕੇ ਸੁਰਜੀਤ ਕੀਤਾ ਅਤੇ ਸੰਤ ਖਾਲਸਾ ਸਿਪਾਹੀ ਦੀ ਉਪਾਧੀ ਬਖਸ਼ੀ ।



ਨਾਮਧਾਰੀ ਪੰਥ ਬਾਬਾ ਹਰਦੀਪ ਸਿੰਘ ਜੀ ਦਾ ਅਤੀ ਧੰਨਵਾਦੀ ਹੈ ਜਿਨ੍ਹਾਂ ਨੇ ਸਾਨੂੰ ਇਕ ਬਹੁਤ ਹੀ ਮਹੱਤਵ ਪੂਰਨ ਜਾਣਕਾਰੀ ਤੋਂ ਅਵਗਤ ਕਰਵਾਇਆ ।

ਅਗੱਸਤ 2021